City of Mississauga
300 City Centre Drive
Mississauga, ON L5B 3C1

MISSISSAUGA

# News Release

mississauga.ca facebook.com/citymississauga twitter.com/citymississauga

## Mississauga ਦੇ ਮੇਅਰ ਲਈ ਉਮੀਦਵਾਰ ਬਣੋ: 2024 ਦੀਆਂ ਉਪ-ਚੋਣਾਂ ਲਈ ਨਾਮਾਂਕਣ 6 ਮਾਰਚ ਨੂੰ ਦੁਪਹਿਰ ਬਾਅਦ 3 ਵਜੇ ਸ਼ੁਰੂ ਹੋਣਗੇ

29 ਫਰਵਰੀ, 2024

ਉਹਨਾਂ ਵਿਅਕਤੀਆਂ ਲਈ ਨਾਮਾਂਕਣ ਮਿਆਦ, ਬੁੱਧਵਾਰ, 6 ਮਾਰਚ ਨੂੰ ਦੁਪਹਿਰ ਬਾਅਦ 3 ਵਜੇ ਸ਼ੁਰੂ ਹੋਵੇਗੀ, ਜੋ Mississauga ਦੇ ਮੇਅਰ ਲਈ ਉਪ-ਚੋਣਾਂ ਵਿੱਚ ਉਮੀਦਵਾਰ ਬਣਨ ਅਤੇ ਚੋਣਾਂ ਲੜਨ ਦੇ ਇੱਛੁਕ ਹਨ। ਨਾਮਾਂਕਣ, 26 ਅਪ੍ਰੈਲ, 2024 ਨੂੰ ਦੁਪਹਿਰ ਬਾਅਦ 2 ਵਜੇ ਤੱਕ ਸਵੀਕਾਰ ਕੀਤੇ ਜਾਣਗੇ।
ਉਮੀਦਵਾਰ ਵਜੋਂ ਯੋਗ ਹੋਣ ਵਾਸਤੇ, ਤੁਹਾਡੇ ਲਈ ਲਾਜ਼ਮੀ ਹੈ:

- ਕੈਨੇਡਾ ਦੇ ਨਾਗਰਿਕ ਹੋਵੇ
- ਤੁਹਾਡੀ ਉਮਰ ਘੱਟੋ-ਘੱਟ 18 ਸਾਲ ਹੋਵੇ
- Mississauga ਦੇ ਵਸਨੀਕ ਹੋਵੋ ਜਾਂ Mississauga ਵਿੱਚ ਪ੍ਰਾਪਰਟੀ ਦੇ ਮਾਲਕ ਜਾਂ ਕਿਰਾਏਦਾਰ ਹੋਵੋ ਜਾਂ ਸ਼ਹਿਰ ਵਿੱਚ ਪ੍ਰਾਪਰਟੀ ਦੇ ਮਾਲਕ ਜਾਂ ਕਿਰਾਏਦਾਰ ਦੇ ਜੀਵਨਸਾਥੀ ਹੋਵੋ
- *ਮਿਊਨਿਸਿਪਲ ਇਲੈਕਸ਼ਨਸ ਐਕਟ, 1996 (Municipal Elections Act, 1996)* ਜਾਂ ਕਿਸੇ ਹੋਰ ਕਨੂੰਨ ਹੇਠ, ਤੁਹਾਡੇ ਉੱਤੇ ਪਾਬੰਦੀ ਨਾ ਲੱਗੀ ਹੋਵੇ

ਰਜਿਸਟਰ ਕਿਵੇਂ ਕਰਨਾ ਹੈ

ਹੇਠਾਂ ਦਿੱਤੇ ਉਪਾਅ ਕਰਨੇ ਲਾਜ਼ਮੀ ਹਨ, ਜੇਕਰ ਤੁਸੀਂ Mississauga ਦੇ ਮੇਅਰ ਲਈ ਉਮੀਦਵਾਰ ਬਣਨ ਅਤੇ ਚੋਣਾਂ ਲੜਨ ਦੇ ਇੱਛੁਕ ਹੋ:

1. nomination package ਪੂਰਾ ਕਰੋ।
2. ਆਪਣਾ ਪੂਰਾ ਕੀਤਾ ਪੈਕੇਜ ਫਾਈਲ ਕਰਨ ਲਈ, ਇਲੈਕਸ਼ਨ ਅਫਸਰ ਨੂੰ ਵਿਅਕਤੀਗਤ ਮਿਲਣ ਲਈ ਮੁਲਾਕਾਤ ਬੁੱਕ ਕਰੋ। ਇਲੈਕਸ਼ਨ ਅਫਸਰ ਤੁਹਾਡੇ ਦਸਤਾਵੇਜ਼ਾਂ ਦੀ ਤਸਦੀਕ ਕਰੇਗਾ ਅਤੇ ਯਕੀਨੀ ਬਣਾਵੇਗਾ ਕਿ ਤੁਹਾਡਾ ਨਾਮਾਂਕਣ ਪੈਕੇਜ ਪੂਰਾ ਹੈ ਅਤੇ ਸਾਰੀਆਂ ਸ਼ਰਤਾਂ ਪੂਰੀਆਂ ਹੁੰਦੀਆਂ ਹਨ।
3. 200 ਡਾਲਰ ਦੀ ਨਾਮਾਂਕਣ ਫੀਸ ਦਾ ਭੁਗਤਾਨ ਕਰੋ। ਇਹ ਭੁਗਤਾਨ ਉਦੋਂ ਕੀਤਾ ਜਾਂਦਾ ਹੈ, ਜਦੋਂ ਇਲੈਕਸ਼ਨ ਅਫਸਰ ਵੱਲੋਂ ਤੁਹਾਡੇ ਨਾਮਾਂਕਣ ਪੈਕੇਜ ਅਤੇ ਪਛਾਣ ਦੀ ਤਸਦੀਕ ਹੋ ਗਈ ਹੋਵੇ।

## ਉਮੀਦਵਾਰ ਜਾਣਕਾਰੀ ਸੈਸ਼ਨ ਨਾਲ ਜੁੜੋ

ਉਹਨਾਂ ਵਿਅਕਤੀਆਂ ਲਈ ਮੰਗਲਵਾਰ, 26 ਮਾਰਚ ਨੂੰ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ, ਇੱਕ ਮੁਫਤ ਉਮੀਦਵਾਰ ਜਾਣਕਾਰੀ ਸੈਸ਼ਨ ਆਯੋਜਿਤ ਕੀਤਾ ਜਾ ਰਿਹਾ ਹੈ, ਮੇਅਰ ਲਈ ਚੋਣਾਂ ਲੜਨ ਦੇ ਇੱਛੁਕ ਹਨ ਜਾਂ ਇਸ ਬਾਰੇ ਸੋਚ ਰਹੇ ਹਨ। ਤੁਸੀਂ ਕਾਉਂਸਿਲ ਚੈਂਬਰਸ ਵਿੱਚ Mississauga ਸਿਟੀ ਹਾਲ ਵਿਖੇ ਖੁਦ ਆ ਕੇ ਸ਼ਾਮਲ ਹੋ ਸਕਦੇ ਹੋ ਜਾਂ ਲਾਈਵਸਟ੍ਰੀਮ ਦੇਖ ਸਕਦੇ ਹੋ।
ਉਹਨਾਂ ਵਿਅਕਤੀਆਂ ਲਈ ਜਾਣਕਾਰੀ ਇੱਥੇ ਉਪਲਬਧ ਹੈ, ਜੋ ਉਮੀਦਵਾਰ ਵਜੋਂ ਚੋਣਾਂ ਲੜਨ ਦੇ ਇੱਛੁਕ ਹਨ ਜਾਂ ਇਸ ਬਾਰੇ ਸੋਚ ਰਹੇ ਹਨ: mississaugavotes.ca/by-election-2024/for-candidates/

ਮੇਅਰ ਦੀਆਂ ਉਪ-ਚੋਣਾਂ ਬਾਰੇ ਵਧੇਰੇ ਜਾਣਕਾਰੀ ਲਈ, mississauga.ca/elections ਤੇ ਜਾਓ ਜਾਂ 905-615-VOTE (8683) ਤੇ ਫੋਨ ਕਰੋ।

ਫੋਟੋ:



-30-

**ਮੀਡੀਆ ਸੰਪਰਕ:**


City of Mississauga Media Relations
media@mississauga.ca
905-615-3200, ਐਕਸਟੈਨਸ਼ਨ 5232
TTY: 905-896-5151